www.jagbani.com /jagbanionline /jagbanionline /jagbanipb
ਜਗ ਬਾਣੀ

ਅਮਰੀਕਾ ਤੋਂ ਡੀਜ਼ਲ ਖਰੀਦਣ ਦੇ ਸਮਝੌਤੇ ਤੋਂ ਬਾਅਦ ਯੂਕ੍ਰੇਨ 'ਤੇ ਰੂਸੀ ਹਮਲਾ, 15 ਦੀ ਮੌਤ

ਕੀਵ : ਇਕ ਸਕੂਲ 'ਤੇ ਰੂਸੀ ਹਮਲੇ ਕਾਰਨ ਹੋਇਆ ਧਮਾਕਾ।

ਕੀਵ, 10 ਅਕਤੂਬਰ (ਏਜੰਸੀ)– ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਸ਼ਨੀਵਾਰ ਨੂੰ ਕਿਹਾ ਕਿ ਯੂਕ੍ਰੇਨ ਦੇ ਜ਼ਾਪੋਰਿਜ਼ੀਆ ਖੇਤਰ ਵਿਚ ਰੂਸੀ ਹਮਲਿਆਂ ਵਿਚ 3 ਬੱਚਿਆਂ ਸਮੇਤ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ। ਇਹ ਹਮਲਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਰੂਸ ਤੋਂ ਡੀਜ਼ਲ ਖਰੀਦਣ ਦਾ ਸਮਝੌਤਾ ਕਰਨ ਦੇ ਐਲਾਨ ਦੇ ਇਕ ਦਿਨ ਬਾਅਦ ਹੋਇਆ। ਜ਼ੇਲੈਂਸਕੀ ਨੇ ਦੱਸਿਆ ਕਿ ਜ਼ਾਪੋਰਿਜ਼ੀਆ ਵਿਚ ਰਿਹਾਇਸ਼ੀ ਇਮਾਰਤਾਂ 'ਤੇ ਰੂਸੀ ਹਵਾਈ ਬੰਬ ਡਿੱਗਣ ਨਾਲ ਇਹ ਮੌਤਾਂ ਹੋਈਆਂ ਅਤੇ ਘੱਟੋ-ਘੱਟ 16 ਲੋਕ ਜ਼ਖਮੀ ਹੋਏ। ਪਿਛਲੇ 4 ਦਿਨਾਂ ਵਿਚ ਰੂਸ ਦੀ ਵਧਦੀ ਬੰਬਾਰੀ ਵਿਚ 60 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਜ਼ੇਲੈਂਸਕੀ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਰੂਸ ਨੇ ਡੀਜ਼ਲ ਐਕਸਪੋਰਟ 'ਤੇ ਪਾਬੰਦੀਆਂ ਵਿਚ ਛੋਟ ਮਿਲਣ ਤੋਂ ਬਾਅਦ ਜ਼ਾਪੋਰਿਜ਼ੀਆ ਦੀਆਂ ਰਿਹਾਇਸ਼ੀ ਇਮਾਰਤਾਂ 'ਤੇ 5 ਗਲਾਈਡ ਬੰਬ ਸੁੱਟ ਕੇ ਇਸ ਦਾ ਜਵਾਬ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਦਬਾਅ ਘੱਟ ਹੋਣ ਨਾਲ ਰੂਸ ਨੂੰ ਜੰਗ ਜਾਰੀ ਰੱਖਣ ਅਤੇ ਸ਼ਹਿਰਾਂ 'ਤੇ ਬੰਬਾਰੀ ਕਰਨ ਦਾ ਮੌਕਾ ਮਿਲਦਾ ਹੈ। ਟਰੰਪ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਰੂਸ ਤੁਰੰਤ ਤਿੰਨ ਲੱਖ ਟਨ ਤੋਂ ਵੱਧ ਡੀਜ਼ਲ ਦੀ ਸਪਲਾਈ ਕਰੇਗਾ।

ਰੂਸ ਨਾਲ ਸਮਝੌਤਾ ਸ਼ਰਮਨਾਕ : ਅਮਰੀਕੀ ਸੰਸਦ ਮੈਂਬਰ

ਵਾਸ਼ਿੰਗਟਨ, (ਏਜੰਸੀ)–ਅਮਰੀਕੀ ਸੰਸਦ ਦੇ ਉਪਰਲੇ ਸਦਨ, ਸੈਨੇਟ ਦੇ ਮੈਂਬਰ ਰਿਚਰਡ ਬਲੂਮੈਂਥਲ ਨੇ ਰੂਸ ਤੋਂ ਡੀਜ਼ਲ ਖਰੀਦਣ ਦੇ ਸਮਝੌਤੇ ਦੀ ਸਖਤ ਆਲੋਚਨਾ ਕੀਤੀ ਹੈ ਅਤੇ ਇਸ ਕਦਮ ਨੂੰ 'ਸ਼ਰਮਨਾਕ' ਦੱਸਿਆ ਹੈ। ਬਲੂਮੈਂਥਲ ਨੇ ਸਵ. ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ ਦੇ ਨਾਲ ਮਿਲ ਕੇ ਰੂਸ ਅਤੇ ਈਰਾਨ 'ਤੇ ਪਾਬੰਦੀਆਂ ਲਾਉਣ ਸਬੰਧੀ ਕਾਨੂੰਨ ਤਿਆਰ ਕੀਤਾ ਸੀ। ਇਸ ਕਾਨੂੰਨ ਨੂੰ ਅਮਰੀਕੀ ਸੰਸਦ ਦੇ ਦੋਵਾਂ ਸਦਨਾਂ ਨੇ ਭਾਰੀ ਬਹੁਮਤ ਨਾਲ ਪਾਸ ਕੀਤਾ ਸੀ। ਇਸ ਦੇ ਤਹਿਤ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਾਸਕੋ ਤੋਂ ਸਭ ਤੋਂ ਵੱਧ ਤੇਲ ਅਤੇ ਗੈਸ ਖਰੀਦਣ ਵਾਲੇ ਦੇਸ਼ਾਂ 'ਤੇ 100 ਫੀਸਦੀ ਟੈਕਸ ਲਾਉਣ ਦਾ ਅਧਿਕਾਰ ਦਿੱਤਾ ਗਿਆ ਸੀ।

ਬਲੂਮੈਂਥਲ ਨੇ ਸ਼ੁੱਕਰਵਾਰ ਨੂੰ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ ਵਿਚ ਕਿਹਾ, "ਰੂਸੀ ਡੀਜ਼ਲ 'ਤੇ ਪਾਬੰਦੀ ਹਟਾਉਣ ਦਾ ਰਾਸ਼ਟਰਪਤੀ ਦਾ ਫੈਸਲਾ ਸ਼ਰਮਨਾਕ ਹੈ ਅਤੇ ਇਸ ਨਾਲ ਅਸੀਂ ਯੂਕ੍ਰੇਨ ਦੇ ਖਿਲਾਫ ਵਲਾਦੀਮੀਰ ਪੁਤਿਨ ਦੀ ਜੰਗ ਵਿਚ ਭਾਈਵਾਲ ਬਣ ਗਏ ਹਾਂ।" ਸੰਸਦ ਮੈਂਬਰ ਨੇ ਟਰੰਪ ਤੋਂ ਰੂਸ ਨਾਲ ਹੋਏ ਸਮਝੌਤੇ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਅਤੇ ਅਮਰੀਕੀ ਤੇਲ ਕੰਪਨੀਆਂ ਨੂੰ ਚਿਤਾਵਨੀ ਦਿੱਤੀ।

ਪਾਕਿਸਤਾਨ ਵਿਚ ਪ੍ਰਮਾਣੂ ਸੁਰੱਖਿਆ ਵਿਵਸਥਾ ਮਜ਼ਬੂਤ : ਆਈ.ਏ.ਈ.ਏ.

ਇਸਲਾਮਾਬਾਦ, 10 ਅਕਤੂਬਰ (ਏਜੰਸੀ)–ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਨੇ ਪਾਕਿਸਤਾਨ ਵਿਚ ਆਪਣਾ ਪਹਿਲਾ ਭੌਤਿਕ ਸੁਰੱਖਿਆ ਸਲਾਹਕਾਰ ਮਿਸ਼ਨ ਪੂਰਾ ਕਰਨ ਤੋਂ ਬਾਅਦ ਕਿਹਾ ਹੈ ਕਿ ਦੇਸ਼ ਨੇ ਪ੍ਰਮਾਣੂ ਸਮੱਗਰੀ ਅਤੇ ਪ੍ਰਮਾਣੂ ਕੇਂਦਰਾਂ ਦੀ ਸੁਰੱਖਿਆ ਲਈ ਇਕ ਮਜ਼ਬੂਤ ਵਿਵਸਥਾ ਸਥਾਪਿਤ ਕੀਤੀ ਹੈ। ਆਈ.ਏ.ਈ.ਏ. ਦੀ ਸੱਤ ਮੈਂਬਰੀ ਟੀਮ ਨੇ ਸ਼ੁੱਕਰਵਾਰ ਨੂੰ 12 ਦਿਨਾਂ ਦਾ ਅੰਤਰਰਾਸ਼ਟਰੀ ਭੌਤਿਕ ਸੁਰੱਖਿਆ ਸਲਾਹਕਾਰ ਸੇਵਾ (ਆਈ.ਪੀ.ਪੀ.ਏ.ਐੱਸ.) ਮਿਸ਼ਨ ਪੂਰਾ ਕੀਤਾ। ਇਹ ਮਿਸ਼ਨ ਪਾਕਿਸਤਾਨ ਸਰਕਾਰ ਦੀ ਬੇਨਤੀ 'ਤੇ 28 ਸਤੰਬਰ ਤੋਂ 9 ਅਕਤੂਬਰ ਤੱਕ ਚਲਾਇਆ ਗਿਆ। ਪਾਕਿਸਤਾਨ ਪ੍ਰਮਾਣੂ ਰੈਗੂਲੇਟਰੀ ਅਥਾਰਟੀ (ਪੀ.ਐੱਨ.ਆਰ.ਏ.) ਦੀ ਮੇਜ਼ਬਾਨੀ ਵਿਚ ਹੋਏ ਇਸ ਮਿਸ਼ਨ ਦੌਰਾਨ ਪ੍ਰਮਾਣੂ ਸੁਰੱਖਿਆ ਨਾਲ ਜੁੜੇ ਪਾਕਿਸਤਾਨ ਦੇ ਕਾਨੂੰਨੀ ਅਤੇ ਰੈਗੂਲੇਟਰੀ ਢਾਂਚੇ ਦੀ ਸਮੀਖਿਆ ਕੀਤੀ ਗਈ। ਨਾਲ ਹੀ, ਇਕ ਪ੍ਰਮਾਣੂ ਕੇਂਦਰ ਵਿਚ ਸੁਰੱਖਿਆ ਲਈ ਕੀਤੇ ਗਏ ਇੰਤਜ਼ਾਮਾਂ ਦਾ ਮੁਲਾਂਕਣ ਕੀਤਾ ਗਿਆ।

ਅਮਰੀਕਾ ਵਿਚ ਫਲੋਰੀਡਾ ਦੇ ਤੱਟ ਨਾਲ ਟਕਰਾਇਆ 'ਈਸਾਇਸ' ਤੂਫ਼ਾਨ

170 ਕਿ.ਮੀ. ਦੀ ਰਫ਼ਤਾਰ ਨਾਲ ਚੱਲੀਆਂ ਹਵਾਵਾਂ, 9 ਲੱਖ ਘਰਾਂ ਦੀ ਬੱਤੀ ਗੁੱਲ

ਫਲੋਰੀਡਾ, 10 ਅਕਤੂਬਰ (ਇੰਟ.)–ਅਮਰੀਕਾ ਦੇ ਮੈਕਸੀਕੋ ਦੀ ਖਾੜੀ ਨਾਲ ਲੱਗਦੇ ਤੱਟੀ ਇਲਾਕਿਆਂ ਵਿਚ ਸ਼ੁੱਕਰਵਾਰ ਨੂੰ ਈਸਾਇਸ ਤੂਫ਼ਾਨ ਟਕਰਾਇਆ। ਫਲੋਰੀਡਾ ਅਤੇ ਅਲਬਾਮਾ ਵਿਚ 170 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲ ਰਹੀਆਂ ਹਨ। ਭਾਰੀ ਮੀਂਹ ਤੋਂ ਬਾਅਦ ਕਈ ਘਰਾਂ ਅਤੇ ਦੁਕਾਨਾਂ ਨੂੰ ਨੁਕਸਾਨ ਪਹੁੰਚਿਆ ਹੈ। ਦਰੱਖਤ ਉੱਖੜ ਕੇ ਡਿੱਗ ਗਏ ਅਤੇ ਕਰੀਬ 9 ਲੱਖ ਘਰਾਂ ਦੀ ਬੱਤੀ ਗੁੱਲ ਹੋ ਗਈ ਹੈ। ਇਨ੍ਹਾਂ ਇਲਾਕਿਆਂ ਵਿਚ ਹੜ੍ਹ ਦਾ ਖ਼ਤਰਾ ਵਧ ਗਿਆ ਹੈ। ਈਸਾਇਸ 2026 ਵਿਚ ਅਟਲਾਂਟਿਕ ਮਹਾਸਾਗਰ ਵਿਚ ਆਇਆ ਪਹਿਲਾ ਤੂਫ਼ਾਨ ਹੈ। ਆਮ ਤੌਰ 'ਤੇ ਅਟਲਾਂਟਿਕ ਵਿਚ ਤੂਫ਼ਾਨਾਂ ਦਾ ਮੌਸਮ ਜੂਨ ਤੋਂ ਨਵੰਬਰ ਤੱਕ ਰਹਿੰਦਾ ਹੈ। ਇਸ ਵਾਰ ਪ੍ਰਸ਼ਾਂਤ ਮਹਾਸਾਗਰ ਵਿਚ ਅਲ ਨੀਨੋ ਦੀ ਸਥਿਤੀ ਕਾਰਨ ਅਟਲਾਂਟਿਕ ਵਿਚ ਤੂਫ਼ਾਨ ਬਣਨ ਦੀ ਰਫ਼ਤਾਰ ਹੌਲੀ ਰਹੀ।

ਅਲ ਨੀਨੋ ਦੌਰਾਨ ਪ੍ਰਸ਼ਾਂਤ ਮਹਾਸਾਗਰ ਦਾ ਪਾਣੀ ਗਰਮ ਹੋ ਜਾਂਦਾ ਹੈ। ਇਸ ਨਾਲ ਉੱਪਰਲੇ ਵਾਯੂਮੰਡਲ ਵਿਚ ਹਵਾਵਾਂ ਦਾ ਵਹਾਅ ਬਦਲਦਾ ਹੈ। ਅਟਲਾਂਟਿਕ ਦੇ ਉੱਪਰ ਤੇਜ਼ ਹਵਾਵਾਂ ਤੂਫ਼ਾਨਾਂ ਦੀ ਬਣਾਵਟ ਵਿਗਾੜ ਸਕਦੀਆਂ ਹਨ, ਜਿਸ ਨਾਲ ਉਨ੍ਹਾਂ ਦੇ ਬਣਨ ਅਤੇ ਤਾਕਤਵਰ ਹੋਣ ਦੀ ਸੰਭਾਵਨਾ ਘੱਟ ਜਾਂਦੀ ਹੈ। 30 ਸਾਲ ਤੋਂ ਵੱਧ ਸਮੇਂ ਵਿਚ ਇਹ ਪਹਿਲੀ ਵਾਰ ਹੈ, ਜਦੋਂ ਅਕਤੂਬਰ ਤੱਕ ਅਟਲਾਂਟਿਕ ਮਹਾਸਾਗਰ ਵਿਚ ਕੋਈ ਤੂਫ਼ਾਨ ਨਹੀਂ ਬਣਿਆ ਸੀ।

ਤਿੰਨ ਸੂਬਿਆਂ ਵਿਚ ਐਮਰਜੈਂਸੀ, ਲੋਕਾਂ ਨੂੰ ਸੁਰੱਖਿਅਤ ਜਗ੍ਹਾ ਜਾਣ ਦੀ ਸਲਾਹ

ਤੂਫ਼ਾਨ ਦੇ ਖ਼ਤਰੇ ਨੂੰ ਦੇਖਦੇ ਹੋਏ ਮਿਸੀਸਿਪੀ, ਅਲਬਾਮਾ ਅਤੇ ਫਲੋਰੀਡਾ ਦੇ ਗਵਰਨਰਾਂ ਨੇ ਆਪਣੇ-ਆਪਣੇ ਸੂਬਿਆਂ ਵਿਚ ਐਮਰਜੈਂਸੀ ਐਲਾਨ ਦਿੱਤੀ ਹੈ। ਤੱਟੀ ਇਲਾਕਿਆਂ ਵਿਚ ਰਹਿਣ ਵਾਲੇ ਕੁਝ ਲੋਕਾਂ ਨੂੰ ਘਰ ਖਾਲੀ ਕਰਨ ਅਤੇ ਬਾਕੀ ਲੋਕਾਂ ਨੂੰ ਤੂਫ਼ਾਨ ਨਾਲ ਨਜਿੱਠਣ ਦੀ ਤਿਆਰੀ ਕਰਨ ਲਈ ਕਿਹਾ ਗਿਆ। ਅਲਬਾਮਾ ਦੀ ਗਵਰਨਰ ਕੇ ਆਈਵੇ ਨੇ ਤੂਫ਼ਾਨ ਦੇ ਜ਼ਮੀਨ ਨਾਲ ਟਕਰਾਉਣ ਤੋਂ ਕੁਝ ਸਮਾਂ ਪਹਿਲਾਂ ਦੱਸਿਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਨ੍ਹਾਂ ਦੇ ਸੂਬੇ ਵਿਚ ਐਮਰਜੈਂਸੀ ਐਲਾਨਣ ਦੀ ਮਨਜ਼ੂਰੀ ਦੇ ਦਿੱਤੀ ਹੈ। ਤੂਫ਼ਾਨ ਈਸਾਇਸ ਦੇ ਵਿਚਾਲੇ ਮੈਕਸੀਕੋ ਅਤੇ ਦੱਖਣੀ ਕੈਲੀਫੋਰਨੀਆ ਵਿਚ ਵੀ ਦੋ ਤੂਫ਼ਾਨ ਆਏ ਹਨ। ਮੈਕਸੀਕੋ ਵਿਚ ਤੂਫ਼ਾਨ ਸਾਈਮਨ ਨਾਲ ਭਾਰੀ ਮੀਂਹ ਅਤੇ ਜ਼ਮੀਨ ਖਿਸਕਣ ਦਾ ਖ਼ਤਰਾ ਹੈ।

ਪਨਾਮਾ ਵਿਚ ਭੂਚਾਲ ਨਾਲ 400 ਇਮਾਰਤਾਂ ਨੂੰ ਪੁੱਜਾ ਨੁਕਸਾਨ

18 ਘੰਟਿਆਂ ਵਿਚ 100 ਹੋਰ ਝਟਕੇ ਲੱਗੇ

ਪਨਾਮਾ ਸਿਟੀ, 10 ਅਕਤੂਬਰ (ਇੰਟ.)–ਪਨਾਮਾ ਵਿਚ ਆਏ 7.6 ਤੀਬਰਤਾ ਦੇ ਭੂਚਾਲ ਨਾਲ ਭਾਰੀ ਨੁਕਸਾਨ ਹੋਇਆ। ਹੁਣ ਤੱਕ 27 ਲੋਕਾਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਭੂਚਾਲ ਦਾ ਕੇਂਦਰ ਰਾਜਧਾਨੀ ਪਨਾਮਾ ਸਿਟੀ ਤੋਂ ਕਰੀਬ 200 ਕਿਲੋਮੀਟਰ ਦੂਰ ਅਜ਼ੂਏਰੋ ਪ੍ਰਾਇਦੀਪ ਦੇ ਨੇੜੇ ਸੀ। ਭੂਚਾਲ ਤੋਂ ਬਾਅਦ 18 ਘੰਟਿਆਂ ਵਿਚ 100 ਤੋਂ ਵੱਧ ਛੋਟੇ ਝਟਕੇ ਮਹਿਸੂਸ ਕੀਤੇ ਗਏ। 400 ਤੋਂ ਵੱਧ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ। ਲੋਕ ਡਰ ਦੇ ਮਾਰੇ ਘਰਾਂ ਅਤੇ ਦਫ਼ਤਰਾਂ ਤੋਂ ਬਾਹਰ ਨਿਕਲ ਆਏ। ਭੂਚਾਲ ਤੋਂ ਬਾਅਦ ਸੁਨਾਮੀ ਦੇ ਖ਼ਤਰੇ ਨੂੰ ਦੇਖਦੇ ਹੋਏ 9 ਦੇਸ਼ਾਂ ਨੇ ਚਿਤਾਵਨੀ ਜਾਰੀ ਕੀਤੀ ਸੀ। ਹਾਲਾਂਕਿ, ਕੁਝ ਘੰਟਿਆਂ ਬਾਅਦ ਇਸ ਨੂੰ ਵਾਪਸ ਲੈ ਲਿਆ ਗਿਆ। ਪ੍ਰਸ਼ਾਸਨ ਨੇ ਲੋਕਾਂ ਨੂੰ ਚੌਕਸ ਰਹਿਣ ਅਤੇ ਕਮਜ਼ੋਰ ਇਮਾਰਤਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ। ਪਨਾਮਾ ਦੀ ਨਾਗਰਿਕ ਸੁਰੱਖਿਆ ਏਜੰਸੀ ਦੇ ਮੁਤਾਬਕ, ਵੇਰਾਗੁਆਸ, ਹੇਰੇਰਾ ਅਤੇ ਲਾਸ ਸੈਂਤੋਸ ਸਮੇਤ ਕਈ ਸੂਬਿਆਂ ਵਿਚ ਨੁਕਸਾਨ ਹੋਇਆ।

ਪੇਨੋਨੋਮੇ ਸ਼ਹਿਰ ਵਿਚ ਇਕ ਚਰਚ ਦਾ ਘੰਟਾਘਰ ਡਿੱਗ ਗਿਆ ਅਤੇ ਕਈ ਇਮਾਰਤਾਂ ਨੁਕਸਾਨੀਆਂ ਗਈਆਂ। ਵੇਰਾਗੁਆਸ ਵਿਚ ਸੜਕਾਂ 'ਤੇ ਤਰੇੜਾਂ ਆਉਣ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ। ਨਾਗਰਿਕ ਸੁਰੱਖਿਆ ਸੇਵਾ ਦੇ ਅਧਿਕਾਰੀ ਮੁਤਾਬਕ, ਕਈ ਲੋਕ ਜ਼ਖਮੀ ਹੋਏ ਹਨ।

ਪਨਾਮਾ : ਭੂਚਾਲ ਦੀ ਲਪੇਟ 'ਚ ਆ ਕੇ ਡਿੱਗੀ ਇਮਾਰਤ ਦੇ ਮਲਬੇ ਹੇਠਾਂ ਦੱਬੇ ਵਾਹਨ (ਸੱਜੇ) ਭੂਚਾਲ ਕਾਰਨ ਇਕ ਹਸਪਤਾਲ 'ਚੋਂ ਬਾਹਰ ਕੱਢੇ ਗਏ ਮਰੀਜ਼।

ਬ੍ਰਾਜ਼ੀਲ ਦੇ ਸਕੂਲ 'ਚ 13 ਬੱਚਿਆਂ ਨੂੰ ਬੰਧਕ ਬਣਾਉਣ ਵਾਲਾ ਸ਼ੱਕੀ ਢੇਰ

ਸਾਓ ਪਾਓਲੋ, 10 ਅਕਤੂਬਰ (ਏਜੰਸੀ)–ਬ੍ਰਾਜ਼ੀਲ ਦੇ ਦੱਖਣੀ ਖੇਤਰ ਵਿਚ ਸਥਿਤ ਇਕ ਸ਼ਹਿਰ ਦੇ ਇਕ ਸਕੂਲ 'ਚ 13 ਬੱਚਿਆਂ ਨੂੰ 2 ਘੰਟੇ ਤੋਂ ਵੱਧ ਸਮੇਂ ਤੱਕ ਬੰਧਕ ਬਣਾਉਣ ਵਾਲੇ ਸ਼ੱਕੀ ਦੀ ਪੁਲਸ ਕਾਰਵਾਈ 'ਚ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਵਿਚ ਕਿਸੇ ਵੀ ਬੱਚੇ ਦੇ ਜ਼ਖਮੀ ਜਾਂ ਨੁਕਸਾਨੇ ਜਾਣ ਦੀ ਖ਼ਬਰ ਨਹੀਂ ਹੈ। ਇਹ ਘਟਨਾ ਸਾਓ ਪਾਓਲੋ ਤੋਂ 400 ਕਿਲੋਮੀਟਰ ਦੱਖਣ ਵਿਚ ਸਥਿਤ ਕੁਰੀਤੀਬਾ ਸ਼ਹਿਰ ਦੇ ਸਾਓ ਬਰਾਜ ਨਾਂ ਦੇ ਮੱਧਵਰਗੀ ਇਲਾਕੇ ਵਿਚ ਹੋਈ। ਪੁਲਸ ਦੀ ਬੁਲਾਰਨ ਲੇਟੀਸ਼ੀਆ ਮਾਰਟਿਨਜ਼ ਨੇ ਸਕੂਲ ਸੀ.ਐੱਮ.ਈ.ਆਈ. ਸਾਓ ਬਰਾਜ ਦੇ ਬਾਹਰ ਪੱਤਰਕਾਰਾਂ ਨੂੰ ਦੱਸਿਆ ਕਿ ਸ਼ੱਕੀ ਇਕ ਜਮਾਤ ਵਿਚ ਵੜ ਗਿਆ ਅਤੇ ਬੱਚਿਆਂ ਤੇ ਕਰਮਚਾਰੀਆਂ ਨੂੰ ਦੋ ਘੰਟੇ ਤੱਕ ਬੰਧਕ ਬਣਾਈ ਰੱਖਿਆ। ਮਾਰਟਿਨਜ਼ ਨੇ ਕਿਹਾ, "ਸ਼ੱਕੀ ਨੇ ਆਪਣੇ ਆਪ ਅਤੇ ਦੂਜਿਆਂ ਉੱਤੇ ਪੈਟਰੋਲ ਛਿੜਕਣ ਦੀ ਧਮਕੀ ਵੀ ਦਿੱਤੀ ਸੀ। ਸਾਡੀ ਟੀਮ ਮੌਕੇ 'ਤੇ ਮੌਜੂਦ ਸੀ ਪਰ ਅੰਤ ਵਿਚ ਉਸ ਨੂੰ ਮਾਰ ਦੇਣ ਤੋਂ ਇਲਾਵਾ ਕੋਈ ਰਸਤਾ ਨਹੀਂ ਬਚਿਆ ਸੀ।"

ਦੱਖਣੀ ਕੋਰੀਆ 'ਚ ਸੁਪਰਮਾਰਕੀਟ ਦੀ ਛੱਤ ਡਿੱਗੀ, 38 ਜ਼ਖਮੀ

ਸੁਪਰਮਾਰਕੀਟ 'ਚ ਡਿੱਗੀ ਹੋਈ ਇਮਾਰਤ।

ਸਿਓਲ, 10 ਅਕਤੂਬਰ (ਏਜੰਸੀ)– ਦੱਖਣੀ ਕੋਰੀਆ ਦੇ ਡੇਗੂ ਸ਼ਹਿਰ ਵਿਚ ਇਕ ਸ਼ਾਪਿੰਗ ਮਾਲ ਦੀ ਛੱਤ ਦਾ ਕੁਝ ਹਿੱਸਾ ਡਿੱਗਣ ਨਾਲ ਘੱਟੋ-ਘੱਟ 38 ਲੋਕ ਮਾਮੂਲੀ ਰੂਪ ਵਿਚ ਜ਼ਖਮੀ ਹੋ ਗਏ। ਡੇਗੂ ਅੱਗ ਬੁਝਾਊ ਵਿਭਾਗ ਨੇ ਦੱਸਿਆ ਕਿ ਸਵੇਰੇ 10 ਵੱਜ ਕੇ 16 ਮਿੰਟ 'ਤੇ ਛੱਤ ਡਿੱਗਣ ਦੀ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ 66 ਹੋਰ ਲੋਕਾਂ ਨੂੰ ਇਮਾਰਤ 'ਚੋਂ ਬਾਹਰ ਕੱਢਿਆ ਗਿਆ। ਅੱਗ ਬੁਝਾਊ ਵਿਭਾਗ ਦੀ ਅਧਿਕਾਰੀ ਯੂਨ ਜੋਂਗ-ਮੀ ਅਨੁਸਾਰ 9 ਲੋਕਾਂ ਦਾ ਹਸਪਤਾਲਾਂ 'ਚ ਇਲਾਜ ਕੀਤਾ ਗਿਆ। ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇ ਮਿਉਂਗ ਦੇ ਦਫ਼ਤਰ ਨੇ ਦੱਸਿਆ ਕਿ ਉਨ੍ਹਾਂ ਨੇ ਅਧਿਕਾਰੀਆਂ ਨੂੰ ਲੋਕਾਂ ਨੂੰ ਬਚਾਉਣ ਅਤੇ ਇਸ ਘਟਨਾ ਨਾਲ ਨਜਿੱਠਣ ਲਈ ਹਰ ਸੰਭਵ ਯਤਨ ਕਰਨ ਦੇ ਨਿਰਦੇਸ਼ ਦਿੱਤੇ ਹਨ।

ਇਟਲੀ 'ਚ ਅੱਤ ਦੀ ਗਰਮੀ ਤੋਂ ਬਾਅਦ ਭਾਰੀ ਮੀਂਹ ਅਤੇ ਤੂਫ਼ਾਨ ਦਾ ਕਹਿਰ

ਅੱਤ ਦੇ ਮੀਂਹ ਮਗਰੋਂ ਪਾਣੀ ਵਿਚ ਡੁੱਬੇ ਵਾਹਨ।

ਰੋਮ, 10 ਅਕਤੂਬਰ (ਕੈਂਥ)–ਇਟਲੀ ਦੇ ਲਾਸੀਓ, ਸਚੀਲੀਆ ਅਤੇ ਕਲਾਬਰੀਆ ਵਰਗੇ ਸੂਬਿਆਂ ਵਿਚ ਭਾਰੀ ਮੀਂਹ, ਹੜ੍ਹਾਂ ਅਤੇ ਤੇਜ਼ ਤੂਫ਼ਾਨ ਨੇ ਵੱਡੀ ਤਬਾਹੀ ਮਚਾਈ ਹੈ। 80 ਮਿਲੀਮੀਟਰ ਤੱਕ ਦਰਜ ਕੀਤੀ ਗਈ ਮੀਂਹ ਦੀ ਰਫ਼ਤਾਰ ਕਾਰਨ ਘਰਾਂ ਵਿਚ ਪਾਣੀ ਭਰ ਗਿਆ ਹੈ, ਛੱਤਾਂ ਉੱਡ ਗਈਆਂ ਹਨ ਅਤੇ ਗੱਡੀਆਂ ਰੁੜ੍ਹ ਗਈਆਂ ਹਨ। ਹਾਲਾਤ ਨੂੰ ਦੇਖਦੇ ਹੋਏ ਕਈ ਖੇਤਰਾਂ ਵਿਚ ਔਰੇਂਜ ਅਲਰਟ ਜਾਰੀ ਕਰ ਕੇ ਸਕੂਲ ਅਤੇ ਰੇਲ ਗੱਡੀਆਂ ਬੰਦ ਕਰ ਦਿੱਤੀਆਂ ਗਈਆਂ ਹਨ, ਜਦਕਿ ਰਾਹਤ ਟੀਮਾਂ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਵਿਚ ਲੱਗੀਆਂ ਹੋਈਆਂ ਹਨ।

ਪੰਜਾਬੀ ਫ਼ਿਲਮ 'ਥਾਪੀ' ਦੇ ਨਿਰਮਾਤਾ ਅਮਨਪ੍ਰੀਤ ਸਿੰਘ ਨੇ ਸਾਬਕਾ ਕਬੱਡੀ ਖਿਡਾਰੀ ਵੀਰੀ ਢੈਪਈ ਨਾਲ ਕੀਤੀ ਮੁਲਾਕਾਤ

ਜਲੰਧਰ, 10 ਅਕਤੂਬਰ (ਇੰਟਰਟੇਨਮੈਂਟ ਡੈਸਕ)–ਪੰਜਾਬੀ ਫ਼ਿਲਮ 'ਥਾਪੀ' ਦੇ ਨਿਰਮਾਤਾ ਅਮਨਪ੍ਰੀਤ ਸਿੰਘ ਨੇ ਹਾਲ ਹੀ ਵਿਚ ਪੰਜਾਬ ਦੇ ਇਕ ਸਮੇਂ ਦੇ ਮਸ਼ਹੂਰ ਕਬੱਡੀ ਖਿਡਾਰੀ ਦਲਵੀਰ ਸਿੰਘ (ਵੀਰੀ ਢੈਪਈ) ਦੇ ਘਰ ਪਹੁੰਚ ਕੇ ਉਨ੍ਹਾਂ ਦਾ ਹਾਲ-ਚਾਲ ਜਾਣਿਆ ਅਤੇ ਹਰ ਸੰਭਵ ਆਰਥਿਕ ਤੇ ਮਾਨਸਿਕ ਮਦਦ ਦਾ ਹੱਥ ਵਧਾਇਆ।

ਇਸ ਮੌਕੇ ਆਪਣੇ ਜਜ਼ਬਾਤ ਸਾਂਝੇ ਕਰਦਿਆਂ ਅਮਨਪ੍ਰੀਤ ਸਿੰਘ ਨੇ ਕਿਹਾ ਕਿ ਮੇਰੇ ਲਈ 'ਥਾਪੀ' ਸਿਰਫ਼ ਇਕ ਫ਼ਿਲਮ ਨਹੀਂ ਹੈ, ਸਗੋਂ ਇਹ ਇਕ ਮਕਸਦ ਵਾਲਾ ਮਿਸ਼ਨ ਹੈ। ਇਹ ਸਿਨੇਮਾ ਤੋਂ ਕਿਤੇ ਵੱਧ ਕੇ ਕਬੱਡੀ ਦੇ ਅਸਲ ਨਾਇਕਾਂ ਨਾਲ ਜੁੜਨ, ਉਨ੍ਹਾਂ ਦੇ ਸੰਘਰਸ਼ ਨੂੰ ਸਮਝਣ ਅਤੇ ਮੁਸ਼ਕਲ ਸਮੇਂ ਵਿਚ ਉਨ੍ਹਾਂ ਦੇ ਨਾਲ ਖੜ੍ਹਨ ਦਾ ਇਕ ਜ਼ਰੀਆ ਹੈ।

ਉਨ੍ਹਾਂ ਪੰਜਾਬ ਅਤੇ ਖੇਡ ਜਗਤ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਜਿਨ੍ਹਾਂ ਖਿਡਾਰੀਆਂ ਨੇ ਆਪਣੀ ਪੂਰੀ ਜ਼ਿੰਦਗੀ ਕਬੱਡੀ ਨੂੰ ਸਮਰਪਿਤ ਕਰ ਦਿੱਤੀ, ਜੇ ਉਹ ਉਨ੍ਹਾਂ ਦੀ ਜ਼ਿੰਦਗੀ ਵਿਚ ਥੋੜ੍ਹਾ ਜਿਹਾ ਵੀ ਬਦਲਾਅ ਲਿਆ ਸਕੇ ਤਾਂ ਇਹ ਉਨ੍ਹਾਂ ਲਈ ਬਹੁਤ ਵੱਡੀ ਪ੍ਰਾਪਤੀ ਹੋਵੇਗੀ।

ਅਮਨਪ੍ਰੀਤ ਸਿੰਘ ਨੇ ਸਪੱਸ਼ਟ ਕੀਤਾ ਕਿ ਇਹ ਤਾਂ ਸਿਰਫ਼ ਸ਼ੁਰੂਆਤ ਹੈ। ਉਹ ਆਉਣ ਵਾਲੇ ਸਮੇਂ ਵਿਚ ਵੀ ਅਜਿਹੇ ਹੋਰ ਅਣਗੌਲੇ ਖਿਡਾਰੀਆਂ ਦੀ ਮਦਦ, ਸਤਿਕਾਰ ਅਤੇ ਮਾਨਤਾ ਲਈ ਲਗਾਤਾਰ ਯਤਨਸ਼ੀਲ ਰਹਿਣਗੇ। ਉਨ੍ਹਾਂ ਆਖਿਆ ਕਿ ਜਿਨ੍ਹਾਂ ਲੋਕਾਂ ਨੇ ਆਪਣਾ ਜੀਵਨ ਕਬੱਡੀ ਲੇਖੇ ਲਾਇਆ ਹੈ, ਉਹ ਸਿਰਫ਼ ਤਾੜੀਆਂ ਦੇ ਹੀ ਨਹੀਂ, ਸਗੋਂ ਸਾਡੇ ਪੂਰੇ ਸਮਰਥਨ, ਸਤਿਕਾਰ ਅਤੇ ਦੇਖਭਾਲ ਦੇ ਹੱਕਦਾਰ ਹਨ।

ਰਿਆਦ ਏਅਰਪੋਰਟ 'ਤੇ ਮੁੜ ਹਮਲਾ, ਧਮਾਕਿਆਂ ਤੋਂ ਬਾਅਦ ਕਰਵਾਇਆ ਖਾਲੀ

ਰਿਆਦ, 10 ਅਕਤੂਬਰ (ਏਜੰਸੀ)– ਸਾਊਦੀ ਅਰਬ ਦੀ ਰਾਜਧਾਨੀ ਰਿਆਦ ਦੇ ਕਿੰਗ ਖਾਲਿਦ ਇੰਟਰਨੈਸ਼ਨਲ ਏਅਰਪੋਰਟ 'ਤੇ ਸ਼ਨੀਵਾਰ ਨੂੰ ਮੁੜ ਹਮਲਾ ਹੋਇਆ। ਹਮਲੇ ਤੋਂ ਬਾਅਦ ਏਅਰਪੋਰਟ ਖਾਲੀ ਕਰਵਾਇਆ ਗਿਆ ਅਤੇ ਜਹਾਜ਼ਾਂ ਦੀ ਆਵਾਜਾਈ ਰੋਕ ਦਿੱਤੀ ਗਈ।

ਫਲਾਈਟ ਟ੍ਰੈਕਿੰਗ ਵੈੱਬਸਾਈਟ ਫਲਾਈਟ ਅਵੇਅਰ ਦੇ ਮੁਤਾਬਕ, ਹਮਲੇ ਕਾਰਨ ਬੀਤੇ 24 ਘੰਟਿਆਂ ਵਿਚ ਏਅਰਪੋਰਟ ਦੀਆਂ ਘੱਟੋ-ਘੱਟ 225 ਉਡਾਣਾਂ ਰੱਦ ਹੋਈਆਂ। ਰਿਆਦ ਏਅਰਪੋਰਟ 'ਤੇ ਬੀਤੇ 20 ਦਿਨਾਂ ਵਿਚ ਇਹ ਚੌਥਾ ਹਮਲਾ ਹੈ। ਇਕ ਅਧਿਕਾਰੀ ਦੇ ਮੁਤਾਬਕ, ਸ਼ਨੀਵਾਰ ਨੂੰ ਇਕ ਮਿਜ਼ਾਈਲ ਯਾਤਰੀ ਟਰਮੀਨਲ 'ਤੇ ਡਿੱਗੀ, ਜਿਸ ਨਾਲ ਕਈ ਲੋਕ ਜ਼ਖਮੀ ਹੋ ਗਏ। ਘਟਨਾ ਤੋਂ ਬਾਅਦ ਐਂਬੂਲੈਂਸਾਂ ਤੇਜ਼ੀ ਨਾਲ ਏਅਰਪੋਰਟ ਵੱਲ ਜਾਂਦੀਆਂ ਦਿਖਾਈ ਦਿੱਤੀਆਂ।

ਖੇਤਰੀ ਅਧਿਕਾਰੀਆਂ ਨੇ ਸ਼ਨੀਵਾਰ ਨੂੰ ਹੋਏ ਹਮਲੇ ਦੀ ਜਾਣਕਾਰੀ ਦਿੱਤੀ। ਹੂਤੀਆਂ ਨੇ ਅਜੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਸਾਊਦੀ ਸਰਕਾਰ ਨੇ ਵੀ ਬਿਆਨ ਜਾਰੀ ਨਹੀਂ ਕੀਤਾ ਹੈ। ਯਮਨ ਦੇ ਹੂਤੀ ਬਾਗੀਆਂ ਅਤੇ ਸਾਊਦੀ ਅਰਬ ਦੇ ਸਮਰਥਨ ਵਾਲੀ ਯਮਨੀ ਸਰਕਾਰੀ ਫ਼ੌਜ ਵਿਚਕਾਰ ਲੜਾਈ ਤੇਜ਼ ਹੋ ਗਈ ਹੈ। ਸਾਊਦੀ ਅਰਬ ਯਮਨ ਸਰਕਾਰ ਦੀ ਫ਼ੌਜ ਨੂੰ ਹਵਾਈ ਹਮਲਿਆਂ ਰਾਹੀਂ ਮਦਦ ਦੇ ਰਿਹਾ ਹੈ। ਇਸ ਦਾ ਮਕਸਦ ਲਾਲ ਸਾਗਰ ਦੇ ਨੇੜੇ ਹੂਤੀਆਂ ਦੀ ਹਾਲੀਆ ਲੀਡ ਨੂੰ ਰੋਕਣਾ ਹੈ। ਹੂਤੀਆਂ ਨੇ ਇਸ ਹਫ਼ਤੇ ਅੰਤਰਰਾਸ਼ਟਰੀ ਏਅਰਲਾਈਨਜ਼ ਨੂੰ ਚਿਤਾਵਨੀ ਦਿੱਤੀ ਸੀ ਕਿ ਸਾਊਦੀ ਅਰਬ ਦੇ ਹਵਾਈ ਖੇਤਰ ਵਿਚ ਉਡਾਣਾਂ ਚਲਾਉਣ ਦੇ ਗੰਭੀਰ ਸਿੱਟੇ ਹੋ ਸਕਦੇ ਹਨ।

ਰਿਆਦ ਏਅਰਪੋਰਟ 'ਤੇ ਪਹੁੰਚੀ ਐਂਬੂਲੈਂਸ।

ਹਮਲੇ ਤੋਂ ਬਾਅਦ ਟਰੰਪ ਬੋਲੇ-ਮੈਂ ਖ਼ੁਸ਼ ਨਹੀਂ

ਸਾਊਦੀ ਅਰਬ ਨੇ ਆਪਣੇ ਏਅਰਪੋਰਟ, ਫ਼ੌਜੀ ਟਿਕਾਣਿਆਂ ਅਤੇ ਤੇਲ ਨਾਲ ਜੁੜੀਆਂ ਥਾਵਾਂ 'ਤੇ ਹਮਲਿਆਂ ਦੇ ਵਿਚਕਾਰ ਅਮਰੀਕਾ ਅਤੇ ਦੂਜੇ ਸਹਿਯੋਗੀ ਦੇਸ਼ਾਂ ਤੋਂ ਮਦਦ ਮੰਗੀ ਹੈ। ਅਧਿਕਾਰੀਆਂ ਦੇ ਮੁਤਾਬਕ, ਅਮਰੀਕਾ ਦੀ ਮਦਦ ਵਿਚ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨਾ, ਹਮਲੇ ਲਈ ਟਿਕਾਣਿਆਂ ਦੀ ਪਛਾਣ ਕਰਨਾ ਅਤੇ ਫ਼ੌਜੀ ਯੋਜਨਾ ਬਣਾਉਣ ਵਿਚ ਸਹਿਯੋਗ ਦੇਣਾ ਸ਼ਾਮਲ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਰਿਆਦ ਏਅਰਪੋਰਟ 'ਤੇ ਹੋਏ ਹਮਲਿਆਂ ਬਾਰੇ ਪੁੱਛਿਆ ਗਿਆ। ਉਨ੍ਹਾਂ ਕਿਹਾ, "ਇਹ ਚੰਗਾ ਨਹੀਂ ਹੈ ਅਤੇ ਮੈਂ ਖ਼ੁਸ਼ ਨਹੀਂ ਹਾਂ।" ਹਾਲਾਂਕਿ, ਇਨ੍ਹਾਂ ਹਮਲਿਆਂ ਦੇ ਜਵਾਬ ਵਿਚ ਅਮਰੀਕਾ ਵੱਲੋਂ ਫ਼ੌਜੀ ਮਦਦ ਦੇਣ ਦਾ ਕੋਈ ਸੰਕੇਤ ਨਹੀਂ ਮਿਲਿਆ। ਅਮਰੀਕਾ ਨੇ ਫਿਲਹਾਲ ਇਸ ਟਕਰਾਅ ਤੋਂ ਦੂਰੀ ਬਣਾਈ ਹੋਈ ਹੈ।

ਪੋਲੈਂਡ 'ਚ ਸਕੂਲ 'ਤੇ ਤੀਜਾ ਹਮਲਾ, ਔਰਤ ਨੇ 3 ਲੋਕਾਂ ਨੂੰ ਕੀਤਾ ਜ਼ਖਮੀ

ਵਾਰਸਾ, 10 ਅਕਤੂਬਰ (ਏਜੰਸੀ)– ਪੋਲੈਂਡ ਦੀ ਰਾਜਧਾਨੀ ਵਾਰਸਾ ਵਿਚ ਸ਼ਨੀਵਾਰ ਨੂੰ 21 ਸਾਲਾ ਔਰਤ ਨੇ ਇਕ ਸਕੂਲ ਦੇ ਅੰਦਰ ਤਿੰਨ ਲੋਕਾਂ ਨੂੰ ਜ਼ਖਮੀ ਕਰ ਦਿੱਤਾ। ਇਕ ਹਫ਼ਤੇ ਤੋਂ ਵੀ ਘੱਟ ਸਮੇਂ ਵਿਚ ਪੋਲੈਂਡ ਦੇ ਕਿਸੇ ਸਕੂਲ 'ਚ ਹਮਲੇ ਦੀ ਇਹ ਤੀਜੀ ਘਟਨਾ ਹੈ। ਵਾਰਸਾ ਪੁਲਸ ਦੇ ਬੁਲਾਰੇ ਯਾਕੂਬ ਫਲਿਪੀਆਕ ਨੇ ਦੱਸਿਆ ਕਿ ਹਮਲਾਵਰ ਔਰਤ ਨੇ ਇਕ 'ਤਿੱਖੀ ਚੀਜ਼' ਨਾਲ 17 ਸਾਲ ਦੀ ਇਕ ਕੁੜੀ 'ਤੇ ਹਮਲਾ ਕੀਤਾ ਅਤੇ ਇਸ ਦੌਰਾਨ ਦੋ ਹੋਰ ਲੋਕ ਵੀ ਜ਼ਖਮੀ ਹੋ ਗਏ, ਜਿਨ੍ਹਾਂ ਦੀ ਉਮਰ ਕ੍ਰਮਵਾਰ 17 ਅਤੇ 24 ਸਾਲ ਹੈ। ਕਿਸੇ ਦੀ ਵੀ ਸੱਟ ਜਾਨਲੇਵਾ ਨਹੀਂ ਹੈ। ਇਹ ਹਮਲਾ ਅਜਿਹੇ ਸਮੇਂ ਹੋਇਆ ਹੈ ਜਦੋਂ ਪੁਲਸ ਨੇ ਸ਼ਨੀਵਾਰ ਨੂੰ ਦੱਸਿਆ ਕਿ ਹਫ਼ਤੇ ਦੀ ਸ਼ੁਰੂਆਤ ਵਿਚ ਸਕੂਲਾਂ 'ਚ ਹੋਏ ਦੋ ਹਮਲਿਆਂ ਤੋਂ ਬਾਅਦ ਹਿੰਸਾ ਦੀਆਂ ਹੋਰ ਘਟਨਾਵਾਂ ਨੂੰ ਰੋਕਣ ਦੇ ਯਤਨਾਂ ਦੇ ਤਹਿਤ ਉਨ੍ਹਾਂ ਨੇ ਪੋਲੈਂਡ ਭਰ ਵਿਚ 76 ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ ਅਤੇ ਦੇਸ਼ ਭਰ ਦੇ ਲੱਗਭਗ 50,000 ਸਕੂਲਾਂ ਦੀ ਜਾਂਚ ਕੀਤੀ ਹੈ। ਇਸ ਤੋਂ ਪਹਿਲਾਂ ਹਫ਼ਤੇ ਦੀ ਸ਼ੁਰੂਆਤ ਵਿਚ ਦੋ ਸਕੂਲਾਂ 'ਚ ਹੋਏ ਹਮਲਿਆਂ ਤੋਂ ਬਾਅਦ ਪੋਲੈਂਡ ਦੇ ਸਕੂਲਾਂ ਨੇ ਸੁਰੱਖਿਆ ਵਧਾ ਦਿੱਤੀ ਸੀ, ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ ਅਤੇ ਬੱਚਿਆਂ ਸਮੇਤ ਕਈ ਹੋਰ ਜ਼ਖਮੀ ਹੋ ਗਏ ਸਨ। ਇਸ ਤੋਂ ਅਗਲੇ ਦਿਨ, ਇਸੇ ਸੂਬੇ ਵਿਚ 15 ਸਾਲਾ ਇਕ ਲੜਕੇ ਨੇ ਆਪਣੇ ਪੁਰਾਣੇ ਸਕੂਲ ਵਿਚ ਚਾਕੂ ਨਾਲ ਹਮਲਾ ਕਰ ਦਿੱਤਾ। ਇਸ ਘਟਨਾ ਵਿਚ ਸਕੂਲ ਦੇ ਇਕ ਕਰਮਚਾਰੀ ਦੀ ਮੌਤ ਹੋ ਗਈ, ਜਦਕਿ ਦੋ ਹੋਰ ਲੋਕ ਜ਼ਖਮੀ ਹੋ ਗਏ।

ਉੱਤਰ ਰੇਲਵੇ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ਼ ਤੋਂ ਸੀਨੀਅਰ ਮੰਡਲ ਵਪਾਰਕ ਪ੍ਰਬੰਧਕ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਆਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਵਿਚ ਮੰਗ ਕੀਤੀ ਜਾਂਦੀ ਹੈ:

ਲ.ਨੰ.	ਕੇਟਲਾਗ ਨੰਬਰ	ਕੰਮ ਦਾ ਨਾਮ
ਈ-ਨੀਲਾਮੀ ਦੀ ਮਿਤੀ : 21.10.2026		
1	EAFZR-ADVT26-26	ਟ੍ਰੇਨ ਨੰਬਰ 22488/22487 ਵੰਦੇ ਭਾਰਤ ਐਕਸਪ੍ਰੈਸ ਦੇ ਸਾਰੇ ਡਿਬਿਆਂ ਵਿਚ ਫੈਕਟਰੀ ਫਿਟੇਡ ਐਲਈਡੀ ਟੀਵੀ ਸਕਰੀਨ ਦੇ ਦੁਆਰਾ ਵਾਣਿਜਕ ਵਿਗਿਆਪਨ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ।
ਈ-ਨੀਲਾਮੀ ਦੀ ਮਿਤੀ : 22.10.2026		
2	EAFZR-MXED26-11	ਕ) ਟ੍ਰੇਨ ਨੰਬਰ 14654/53 (ਅੰਮ੍ਰਿਤਸਰ-ਹਿਸਾਰ-ਅੰਮ੍ਰਿਤਸਰ) ਅਤੇ 14616/15 (ਅੰਮ੍ਰਿਤਸਰ-ਲਾਲ ਕੂੰਆਂ-ਅੰਮ੍ਰਿਤਸਰ) ਵਿਚ ਵੱਖ-ਵੱਖ ਖਾਣਪਾਨ ਵਸਤੂਆਂ ਦੇ ਟ੍ਰੇਨ ਸਾਈਡ ਵੇਂਡਿੰਗ (ਟੀਐਸਵੀ) ਦੇ ਲਈ ਠੇਕੇ ਦਾ ਅਲਾਟਮੈਂਟ। ਖ) ਫ਼ਿਰੋਜ਼ਪੁਰ ਛਾਵਣੀ ਰੇਲਵੇ ਸਟੇਸ਼ਨ ਉਤੇ ਬਹੁਉਦੇਸ਼ੀਯ ਸਟਾਲ (ਐਮਪੀਐਸ) ਦਾ ਠੇਕੇ ਦਾ ਅਲਾਟਮੈਂਟ। ਗ) ਕੋਟਕਪੂਰਾ ਰੇਲਵੇ ਸਟੇਸ਼ਨ ਉਤੇ ਅਨੁਬੰਧ ਉਤੇ ਕੈਟਰਿੰਗ ਸਟਾਲ ਦਾ ਠੇਕੇ ਉਤੇ ਅਲਾਟਮੈਂਟ। ਘ) ਬਯਾਸ ਰੇਲਵੇ ਸਟੇਸ਼ਨ ਉਤੇ ਵਾਟਰ ਵੇਂਡਿੰਗ ਮਸ਼ੀਨਾਂ ਦੀ ਸਥਾਪਨਾ ਅਤੇ ਸੰਚਾਲਨ।
ਈ-ਨੀਲਾਮੀ ਦੀ ਮਿਤੀ : 23.10.2026		
3	EAFZR-MPS26-8	ਅੰਮ੍ਰਿਤਸਰ, ਬਯਾਸ ਅਤੇ ਫ਼ਿਰੋਜ਼ਪੁਰ ਛਾਵਣੀ ਰੇਲਵੇ ਸਟੇਸ਼ਨ ਉਤੇ ਬਹੁਉਦੇਸ਼ੀਯ ਸਟਾਲ (ਐਮਪੀਐਸ) ਦਾ ਠੇਕੇ ਦਾ ਅਲਾਟਮੈਂਟ।
4	EAFZR-MXED26-12	i) ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਯਾਤਰਾ ਹੈਲਪ ਡੇਸਕ ਦੀ ਸਥਾਪਨਾ ਅਤੇ ਸੰਚਾਲਨ। ii) ਅੰਮ੍ਰਿਤਸਰ, ਫਗਵਾੜਾ ਅਤੇ ਫ਼ਿਰੋਜ਼ਪੁਰ ਕੈਂਟ ਰੇਲਵੇ ਸਟੇਸ਼ਨ ਉਤੇ ਵਾਟਰ ਵੇਂਡਿੰਗ ਮਸ਼ੀਨਾਂ ਦੀ ਸਥਾਪਨਾ ਅਤੇ ਸੰਚਾਲਨ। iii) ਕਾਲੋਨੀ ਨੰਬਰ 10 ਵਿਚ ਜਗਰਾਉਂ ਪੁਲ ਦੀ ਦੀਵਾਰ ਦੇ ਨਾਲ ਲੁਧਿਆਣਾ ਰੇਲਵੇ ਪਰਿਸਰ ਵਿਚ ਫੂਡ ਵੈਨ ਅਤੇ ਲੁਧਿਆਣਾ ਰੇਲਵੇ ਸਟੇਸ਼ਨ ਉਤੇ ਟੀਟੀਈ ਰੇਸਟ ਹਾਉਸ ਦੇ ਕੋਲ ਛੋਟੀ ਫੂਡ ਵੈਨ ਦੀ ਸਥਾਪਨਾ ਅਤੇ ਸੰਚਾਲਨ। iv) ਲੁਧਿਆਣਾ ਰੇਲਵੇ ਸਟੇਸ਼ਨ ਉਤੇ ਐਪ-ਆਧਾਰਿਤ ਕੈਬ/ਰੇਡਿਯੋ ਟੈਕਸੀ ਦੀ ਪਾਰਕਿੰਗ ਦੇ ਲਈ ਜਗ੍ਹਾਂ ਦਾ ਠੇਕੇ ਉਤੇ ਅਲਾਟਮੈਂਟ। v) ਭਗਤਵਾਲਾ ਅਤੇ ਕਪੂਰਥਲਾ ਰੇਲਵੇ ਸਟੇਸ਼ਨ ਉਤੇ ਪਾਰਕਿੰਗ ਦੇ ਲਈ ਜਗ੍ਹਾਂ ਦਾ ਠੇਕੇ ਉਤੇ ਅਲਾਟਮੈਂਟ।

ਪੂਰੀ ਜਾਣਕਾਰੀ ਅਤੇ ਰਜਿਸਟਰੇਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੈੱਬਸਾਈਟ www.ireps.gov.in ਉਤੇ ਜਾਉ।

No. NR-FZR0COML(NFR)/18/2024 Date: 09/10/2026 3513/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਕਾਦੀਆਂ ਦੇ 9 ਸਾਲਾ ਮਿਹਰਦੀਪ ਸਿੰਘ ਨੇ 50 ਦੇਸ਼ਾਂ ਦੇ ਝੰਡਿਆਂ ਦੀ ਪਛਾਣ ਕਰ ਕੇ ਬਣਾਇਆ ਵਿਸ਼ਵ ਰਿਕਾਰਡ

ਕਾਦੀਆਂ/ਬਟਾਲਾ, 10 ਅਕਤੂਬਰ (ਜ਼ੀਸ਼ਾਨ, ਬੇਰੀ)–ਕਾਦੀਆਂ ਸ਼ਹਿਰ ਨਾਲ ਸਬੰਧਤ 9 ਸਾਲਾ ਬੱਚੇ ਮਿਹਰਦੀਪ ਸਿੰਘ ਨੇ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਾਪਤੀ ਹਾਸਲ ਕਰਦਿਆਂ ਵਿਸ਼ਵ ਰਿਕਾਰਡ ਆਪਣੇ ਨਾਂ ਕੀਤਾ ਹੈ। ਮਿਹਰਦੀਪ ਸਿੰਘ ਨੇ ਮਹਿਜ਼ 1 ਮਿੰਟ ਅਤੇ 43 ਸਕਿੰਟਾਂ ਵਿਚ ਸਕ੍ਰੀਨ 'ਤੇ ਦਿਖਾਏ ਗਏ 50 ਦੇਸ਼ਾਂ ਦੇ ਝੰਡਿਆਂ ਦੀ ਸਹੀ ਪਛਾਣ ਕਰ ਕੇ ਉਨ੍ਹਾਂ ਦੇ ਨਾਂ ਦੱਸੇ। ਉਸ ਦੀ ਇਸ ਪ੍ਰਾਪਤੀ ਨੂੰ ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡਜ਼ ਵੱਲੋਂ ਵਿਸ਼ਵ ਰਿਕਾਰਡ ਵਜੋਂ ਮਾਨਤਾ ਦਿੱਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮਿਹਰਦੀਪ ਸਿੰਘ ਨੇ ਪ੍ਰੀ-ਟੀਨ ਵਰਗ ਵਿਚ 50 ਦੇਸ਼ਾਂ ਦੇ ਝੰਡਿਆਂ ਦੀ ਸਭ ਤੋਂ ਤੇਜ਼ੀ ਨਾਲ ਪਛਾਣ ਕਰਨ ਦਾ ਰਿਕਾਰਡ ਬਣਾਇਆ ਹੈ। ਇਸ ਪ੍ਰਾਪਤੀ ਲਈ ਮਿਹਰਦੀਪ ਸਿੰਘ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਿਹਰਦੀਪ ਸਿੰਘ ਦੇ ਪਿਤਾ ਭਲਿੰਦਰ ਸਿੰਘ ਅਤੇ ਮਾਤਾ ਸਿਮਰਨਜੀਤ ਕੌਰ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਲਈ ਇਹ ਬੇਹੱਦ ਮਾਣ ਅਤੇ ਖ਼ੁਸ਼ੀ ਦਾ ਪਲ ਹੈ।

ਕਾਦੀਆਂ ਦਾ ਨੰਨ੍ਹਾ ਮਿਹਰਦੀਪ ਸਿੰਘ, ਆਪਣੇ ਮਾਤਾ-ਪਿਤਾ ਅਤੇ ਜਿੱਤੇ ਵਿਸ਼ਵ ਰਿਕਾਰਡ ਨਾਲ। (ਜ਼ੀਸ਼ਾਨ)

punjab national bank ...Together for the better

ਸਰਕਲ ਆਫਿਸ : ਐੱਸ.ਏ.ਐੱਮ.-ਪਠਾਨਕੋਟ (ਨੇੜੇ ਕਮਲ ਸਵੀਟਸ, ਸੈਲੀ ਰੋਡ, ਪਠਾਨਕੋਟ-145001) (ਫੋਨ ਨੰ. 88728 27770), ਈ-ਮੇਲ : copathansam@pnb.bank.in

ਈ-ਨਿਲਾਮੀ/ ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6)/9(1) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਨੂੰ ਅਤੇ ਵਿਸ਼ੇਸ਼ ਤੌਰ 'ਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਚੱਲ/ਅਚੱਲ ਜਾਇਦਾਦ ਦਾ ਅਸਲ/ਦਸਤੀ/ਸੰਕੇਤਕ ਕਬਜ਼ਾ ਬੈਂਕ/ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਦਾ ਵੇਰਵਾ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦੱਸੇ ਅਨੁਸਾਰ ਹੋਵੇਗਾ।

ਲੜੀ ਨੰ.	ਬ੍ਰਾਂਚ ਦਾ ਨਾਂ / ਕਰਜ਼ਦਾਰ ਦੇ ਅਕਾਊਂਟ ਦਾ ਨਾਂ ਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟਗੇਜਰ)	(ਏ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ ਜਿਵੇਂ ਹੈ (ਸੀ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ-ਸੰਕੇਤਕ/ਦਸਤੀ/ਰਚਨਾਤਮਕ	ਈ-ਨਿਲਾਮੀ ਦੀ ਮਿਤੀ/ਸਮਾਂ / ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ	(ਏ) ਰਾਖਵੀਂ ਕੀਮਤ (ਬੀ) ਈ.ਐੱਮ.ਡੀ. (ਸੀ) ਬੋਲੀ ਵਾਧਾ ਰਕਮ
1.	ਬੀ.ਓ. : ਨਰੋਟ ਮਹਿਰਾ (983800) / ਜੁਗਦੀਸ਼ ਰਾਜ ਪੁੱਤਰ ਭਾਨ ਸਿੰਘ, ਐਮਾ ਮੁਗਲਾਂ, ਤਹਿਸੀਲ ਤੇ ਜ਼ਿਲਾ ਪਠਾਨਕੋਟ, ਭੋਆ, ਪੰਜਾਬ-145025.	ਜ਼ਮੀਨ ਤੇ ਇਮਾਰਤ ਦਾ ਸਾਰਾ ਹਿੱਸਾ, ਜਿਸ ਵਿਚ 4 ਮਰਲੇ ਰਿਹਾਇਸ਼ੀ ਮਕਾਨ ਦੀ ਜ਼ਮੀਨ ਦੀ ਈ.ਐੱਮ. ਸ਼ਾਮਲ ਹੈ, ਜਿਸ ਦਾ ਖਸਰਾ ਨੰਬਰ 51(0-4), ਵਸੀਕਾ ਨੰਬਰ 4032, ਹੱਦਬਸਤ ਨੰਬਰ 207 ਹੈ, ਜੋ ਕਿ ਪਿੰਡ ਐਮਾ ਮੁਗਲਾਂ, ਪੰਚਾਇਤ ਖੇਤਰ, ਤਹਿਸੀਲ ਤੇ ਜ਼ਿਲਾ ਪਠਾਨਕੋਟ ਵਿਖੇ ਜਗਦੀਸ਼ ਰਾਜ ਪੁੱਤਰ ਭਾਨ ਸਿੰਘ ਦੇ ਨਾਂ 'ਤੇ ਸਥਿਤ ਹੈ। ਹੱਦਬੰਦੀ : ਪੂਰਬ : ਗਲੀ, ਪੱਛਮ : ਸ੍ਰੀ ਲੋਚਨ ਦੀ ਜਾਇਦਾਦ, ਉੱਤਰ : ਕਰਤਾਰ ਚੰਦ, ਦੱਖਣ : ਮਾਲਕ ਦੀ ਜਾਇਦਾਦ। (ਨਿਲਾਮੀ ਹਵਾਲਾ ਨੰਬਰ : PUNB829500P33)	A) 07.07.2018 (ਬੀ) 05,67,388 ਰੁਪਏ 30.06.2018 ਨੂੰ 30.06.2018 ਤਕ ਲਾਗੂ ਵਿਆਜ ਸਮੇਤ+ਅਗਲਾ ਵਿਆਜ 01.07.2018 ਤੋਂ C) 06-11-2018 (ਡੀ) ਸੰਕੇਤਕ ਕਬਜ਼ਾ	03/11/2026 From 11 AM to 4 PM / ਨਰੋਟ ਮਹਿਰਾ 983800 ਨਾਲ ਇਕਵੀਟੇਬਲ ਮਾਰਟਗੇਜ	A) Rs 4,67,000/- B) Rs 46,700/- C) Rs 10,000/-
2.	ਬੀ.ਓ. ਐੱਸ.ਐੱਸ.ਸੀ. ਪਠਾਨਕੋਟ / 1. ਸੁਖਦੇਵ ਸਿੰਘ ਪੁੱਤਰ ਬਲਵਿੰਦਰ ਸਿੰਘ, 2. ਸੰਦੀਪ ਕੌਰ ਪਤਨੀ ਸੁਖਦੇਵ ਸਿੰਘ, ਦੋਵੇਂ ਵਾਸੀ ਪਿੰਡ ਲਾਹੜੀ ਨੌਸ਼ਹਿਰਾ ਨਲ ਬੰਦਾ, ਤਹਿਸੀਲ ਤੇ ਜ਼ਿਲਾ ਪਠਾਨਕੋਟ-145025।	ਜ਼ਮੀਨ ਤੇ ਇਮਾਰਤ ਦਾ ਸਾਰਾ ਹਿੱਸਾ ਜਿਸ ਦਾ ਰਕਬਾ 10 ਮਰਲੇ ਹੈ ਅਤੇ ਜਿਸ ਵਿਚ ਖਸਰਾ ਨੰਬਰ 12ਆਰ/5/1/2(2-15) ਦਾ 10 ਮਰਲੇ ਜ਼ਮੀਨ ਤੱਕ 10/55 ਹਿੱਸਾ, ਹੱਦਬਸਤ ਨੰਬਰ 318, ਖੇਵਟ ਨੰਬਰ-85/65, ਖਤੌਨੀ ਨੰਬਰ 136 ਸ਼ਾਮਲ ਹੈ, ਜੋ ਕਿ ਪਿੰਡ ਲਾਹੜੀ, ਤਹਿਸੀਲ ਤੇ ਜ਼ਿਲਾ ਪਠਾਨਕੋਟ ਦੀ ਰੈਵੇਨਿਊ ਅਸੇਟ ਵਿਚ ਸਥਿਤ ਹੈ। ਇਹ ਜਾਇਦਾਦ ਸੁਖਦੇਵ ਸਿੰਘ ਪੁੱਤਰ ਬਲਵਿੰਦਰ ਸਿੰਘ ਦੀ ਮਲਕੀਅਤ ਹੈ, ਜੋ ਸਬ-ਰਜਿਸਟਰਾਰ ਪਠਾਨਕੋਟ ਕੋਲ ਆਰ.ਟੀ.ਡੀ. ਨੰਬਰ 1781 ਮਿਤੀ 30.06.2015 ਰਾਹੀਂ ਦਰਜ ਹੈ। ਹੱਦਬੰਦੀ–ਉੱਤਰ : ਸੜਕ, ਪੂਰਬ : ਮਾਲਕ ਦੀ ਜਾਇਦਾਦ, ਦੱਖਣ : ਮਾਲਕ ਦੀ ਜਾਇਦਾਦ, ਪੱਛਮ : ਦਲਜੀਤ ਕੌਰ। (ਨਿਲਾਮੀ ਹਵਾਲਾ ਨੰਬਰ : PUNB8295000222)	A) 31.05.2023 (ਬੀ) 16,49,040 ਰੁਪਏ 30.05.2023 ਨੂੰ+ਅਗਲਾ ਵਿਆਜ 01.06.2023 ਤੋਂ C) 09-08-2023 (ਡੀ) ਸੰਕੇਤਕ ਕਬਜ਼ਾ	03/11/2026 From 11 AM to 4 PM / ਐੱਸ.ਐੱਸ.ਸੀ. ਪਠਾਨਕੋਟ ਨਾਲ ਇਕਵੀਟੇਬਲ ਮਾਰਟਗੇਜ	A) Rs 11,17,000/- B) Rs 1,11,700/- C) Rs 10,000/-
3.	ਬੀ.ਓ. ਬੁੰਗਲ (983700) / 1. ਸੋਮ ਰਾਜ ਪੁੱਤਰ ਗਿਆਨ ਚੰਦ, ਪਿੰਡ ਹਾਰਾ ਟਿੱਕਾ ਸੂਰਾ, ਧਾਰ ਕਲਾਂ, ਪਠਾਨਕੋਟ-145002, 2. ਮੀਰਾ ਦੇਵੀ ਪਤਨੀ ਸੋਮ ਰਾਜ, ਪਿੰਡ ਹਾਰਾ ਟਿੱਕਾ ਸੂਰਾ, ਧਾਰ ਕਲਾਂ, ਪਠਾਨਕੋਟ-145002।	ਜ਼ਮੀਨ ਤੇ ਇਮਾਰਤ ਦਾ ਸਾਰਾ ਹਿੱਸਾ ਜਿਸ ਦਾ ਰਕਬਾ 2 ਕਨਾਲ 3 ਮਰਲੇ ਹੈ, ਜੋ ਕਿ ਕੁੱਲ 3 ਕਨਾਲ-11 ਮਰਲੇ ਜ਼ਮੀਨ ਵਿਚੋਂ ਹੈ, ਜਿਸ ਵਿਚ ਖਸਰਾ ਨੰਬਰ 531/523/70/2(138-15) ਦਾ 60/2775 ਹਿੱਸਾ ਸ਼ਾਮਲ ਹੈ (ਕੁੱਲ ਜ਼ਮੀਨ 138 ਕਨਾਲ-15 ਮਰਲੇ), ਜੋ ਕਿ ਪਿੰਡ ਹਾਰਾ ਟਿੱਕਾ ਸੂਰਾ, ਤਹਿਸੀਲ ਧਾਰ ਕਲਾਂ, ਜ਼ਿਲਾ ਪਠਾਨਕੋਟ ਵਿਖੇ ਦਸਤਾਵੇਜ਼ ਨੰਬਰ 111 ਮਿਤੀ 15.06.2007 ਅਨੁਸਾਰ ਸੋਮ ਰਾਜ ਪੁੱਤਰ ਗਿਆਨ ਚੰਦ ਦੇ ਨਾਂ 'ਤੇ ਰਜਿਸਟਰਾਰ ਪਠਾਨਕੋਟ ਦੇ ਦਫ਼ਤਰ ਵਿਖੇ ਦਰਜ ਹੈ। (ਕਰਜ਼ਦਾਰ/ਮਾਰਟਗੇਜਰ ਨੇ ਸਕਿਓਰਡ ਕ੍ਰੈਡਿਟਰ ਬੈਂਕ ਕੋਲ ਗਿਰਵੀ ਰੱਖਣ ਤੋਂ ਪਹਿਲਾਂ ਆਪਣੀ 3 ਕਨਾਲ ਮਲਕੀਅਤ ਵਾਲੀ ਜ਼ਮੀਨ ਵਿਚੋਂ 17 ਮਰਲੇ ਜ਼ਮੀਨ ਵੇਚ ਦਿੱਤੀ ਹੈ। ਇਸ ਤਰ੍ਹਾਂ ਬੈਂਕ ਗਿਰਵੀ ਰੱਖੀ ਗਈ 43 ਮਰਲੇ ਭਾਵ 2 ਕਨਾਲ 3 ਮਰਲੇ ਜਾਇਦਾਦ ਵਿਰੁੱਧ ਸਰਫੇਸੀ ਦੀ ਕਾਰਵਾਈ ਸ਼ੁਰੂ ਕਰ ਰਿਹਾ ਹੈ)। (ਨਿਲਾਮੀ ਹਵਾਲਾ ਨੰਬਰ : PUNB 829500P14)	A) Rs. 29-09-2025 (ਬੀ) 11,34,234 ਰੁਪਏ 26.09.2025 ਨੂੰ+ਅਗਲਾ ਵਿਆਜ 31.08.2025 ਤੋਂ C) 15-12-2025 (ਡੀ) ਸੰਕੇਤਕ ਕਬਜ਼ਾ	03/11/2026 From 11 AM to 4 PM / ਬੁੰਗਲ ਬ੍ਰਾਂਚ (983700) ਨਾਲ ਇਕਵੀਟੇਬਲ ਮਾਰਟਗੇਜ	A) Rs 23,73,000/- B) Rs 2,37,300/- C) Rs 10,000/-

ਨਿਯਮ ਤੇ ਸ਼ਰਤਾਂ :(1) ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਅੱਗੇ ਦੱਸੀਆਂ ਹੋਰ ਵਾਧੂ ਸ਼ਰਤਾਂ ਅਨੁਸਾਰ ਹੋਵੇਗੀ। (2) ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਆਧਾਰ ਹੋਵੇ' 'ਤੇ ਕੀਤੀ ਜਾਵੇਗੀ। (3) ਉੱਪਰ ਸ਼ਡਿਊਲ ਵਿਚ ਦੱਸੇ ਗਏ ਸਕਿਓਰਡ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਵਲੋਂ ਸਰਵਉੱਤਮ ਜਾਣਕਾਰੀ ਦੇ ਆਧਾਰ 'ਤੇ ਦਿੱਤੇ ਗਏ ਹਨ ਪਰ ਅਧਿਕਾਰਤ ਅਫਸਰ ਇਸ ਐਲਾਨ ਵਿਚ ਕਿਸੇ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। (4) ਜਾਇਦਾਦ (ਾਂ) ਉੱਪਰ ਕਿਸੇ ਵੀ ਭਾਰ ਬਾਰੇ ਬੈਂਕ/ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ ਹੈ। ਅਧਿਕਾਰਤ ਅਫਸਰ ਜਾਂ ਬੈਂਕ ਨਿਲਾਮੀਸ਼ੁਦਾ ਜਾਇਦਾਦਾਂ ਦੇ ਮਾਮਲੇ 'ਚ ਸਰਕਾਰ ਜਾਂ ਕਿਸੇ ਵੀ ਹੋਰ ਵੱਲ ਕਿਸੇ ਚਾਰਜ, ਗ੍ਰਹਿਣ ਅਧਿਕਾਰ, ਭਾਰਾਂ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। (5) ਹਿਤਬੱਧ ਬੋਲੀਦਾਤੇ ਨੂੰ ਸਲਾਹ ਹੈ ਕਿ ਉਹ ਵਿਧਾਨਕ ਦੇਣਦਾਰੀਆਂ, ਪ੍ਰਾਪਰਟੀ ਟੈਕਸ ਦੇ ਬਕਾਏ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐੱਨ.ਓ.ਸੀ. ਫਾਰਮ ਆਦਿ ਸਮੇਤ ਜਾਇਦਾਦ ਉੱਪਰ ਝੰਜਟਾਂ ਸਬੰਧੀ ਸੁਤੰਤਰ ਤੌਰ 'ਤੇ ਜਾਂਚ ਕਰ ਲਵੇ। ਬਕਾਇਆ ਖਰਚਿਆਂ/ਬਿਜਲੀ ਦੇ ਬਿੱਲ, ਹਾਊਸ ਟੈਕਸ ਆਦਿ ਨੂੰ ਨਿਲਾਮੀ ਖਰੀਦਦਾਰ ਵੱਲੋਂ ਸਹਿਣ ਕੀਤਾ ਜਾਵੇਗਾ। (6) ਸਕਿਓਰਡ ਕ੍ਰੈਡਿਟਰ ਵਿਕਰੀ ਕੀਤੀ ਜਾਣ ਵਾਲੀ ਜਾਇਦਾਦ (ਾਂ) ਦੀ ਫਿਟਨੈੱਸ ਜਾਂ ਕੁਆਲਿਟੀ ਜਾਂ ਦੇਣਦਾਰੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਗਾਰੰਟੀ ਨਹੀਂ ਦੇਵੇਗਾ। (7) ਨਿਮਨਹਸਤਾਖਰੀ ਵਲੋਂ ਵਿਕਰੀ ਵੈੱਬਸਾਈਟ https://baanknet.com 'ਤੇ ਦਿੱਤੇ ਈ-ਨਿਲਾਮੀ ਪਲੇਟਫਾਰਮ ਰਾਹੀਂ 03.11.2026 ਨੂੰ ਸਵੇਰੇ 11 ਤੋਂ ਸ਼ਾਮ 4 ਵਜੇ ਦਰਮਿਆਨ ਉੱਪਰ ਦੱਸੇ ਸਮੇਂ 'ਤੇ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮ ਤੇ ਸ਼ਰਤਾਂ ਦੇਖਣ ਲਈ ਕਿਰਪਾ ਕਰ ਕੇ https://baanknet.com ਤੇ www.pnb.bank.in ਦਾ ਹਵਾਲਾ ਲਵੋ। (8) ਰਾਖਵੀਂ ਕੀਮਤ ਤੋਂ ਵੱਧ ਘੱਟੋ-ਘੱਟ ਇਕ ਬੋਲੀ ਰਕਮ ਲਾਜ਼ਮੀ ਹੈ।

ਸਰਫੇਸੀ ਐਕਟ, 2002 ਦੇ ਰੂਲ 9(1) ਤਹਿਤ ਵਿਧਾਨਕ ਵਿਕਰੀ ਨੋਟਿਸ

ਮਿਤੀ : : 09.10.2026
ਸਥਾਨ : ਪਠਾਨਕੋਟ

ਨਰੇਂਦਰ ਕੁਮਾਰ ਸ਼੍ਰੀਵਾਸਤਵ, ਅਧਿਕਾਰਤ ਅਫਸਰ
ਪੰਜਾਬ ਨੈਸ਼ਨਲ ਬੈਂਕ, ਸਕਿਓਰਡ ਕ੍ਰੈਡਿਟਰ